**ਅਕਾਦਮਿਕ ਸਾਲ 2024-25**

**ਵਿਸ਼ਾ- ਰਾਜਨੀਤੀ- ਸ਼ਾਸਤਰ**

**ਸ਼੍ਰੇਣੀ- ਬਾਰਵੀਂ**

**ਮਾਡਲ ਪ੍ਰਸ਼ਨ ਪੱਤਰ**

**ਸਮਾਂ: 3ਘੰਟੇ** **ਕੁੱਲ ਅੰਕ:80**

**ਭਾਗ-ੳ**

**ਨੋਟ: ਪ੍ਰਸ਼ਨ ਪੱਤਰ ਦੇ 4 ਭਾਗ ਹਨ ਜਿਨਾਂ ਵਿੱਚ ਕੁੱਲ 6 ਪ੍ਰਸ਼ਨ ਹਨ। ਪ੍ਰਸ਼ਨਾਂ ਦੇ ਉਪ-ਭਾਗਾਂ ਨੂੰ ਹੱਲ ਕਰਨ ਸਬੰਧੀ ਹਦਾਇਤਾਂ ਹਰ ਭਾਗ ਦੇ ਅਰੰਭ ਵਿੱਚ ਦਿੱਤੀਆਂ ਗਈਆਂ ਹਨ। ਹਦਾਇਤਾਂ ਅਨੁਸਾਰ ਹੀ ਪ੍ਰਸ਼ਨ ਪੱਤਰ ਹੱਲ ਕਰੋ।**

**ਪ੍ਰਸ਼ਨ-1 ਸਾਰੇ ਵੀਹ ਉਪਭਾਗ ਲਾਜ਼ਮੀ ਹਨ।** **1X20=20**

I. ਆਧੁਨਿਕ ਰਾਜਨੀਤੀ ਸ਼ਾਸਤਰ ਵਿੱਚ "ਫ਼ੀਡ ਬੈਕ ਲੂਪ ਵਿਵਸਥਾ ਦਾ ਸੰਕਲਪ / ਧਾਰਨਾ ਕਿਸ ਰਾਜਨੀਤਕ ਵਿਦਵਾਨ ਦੀ ਦੇਣ ਹੈ।

ੳ) ਜੀ.ਏ.ਅਲਮੰਡ ਅ) ਰੋਬਰਟ ਡਾਹਲ

ੲ) ਹਾਰਲਡ ਲਾਧਵੈਲ ਸ) ਡੇਵਿਡ ਈਸਟਨ

II. ਜੌਹਨ ਲੌਕ, ਐਡਮ ਸਮਿੱਥ ਅਤੇ ਜਰਮੀ ਬੈਂਥਮ ਨਾਮੀ ਵਿਚਾਰਕ ਹੇਠ ਲਿਖਿਆ ਵਿਚੋਂ ਉਦਾਰਵਾਦ ਦੀ ਕਿਹੜੀ ਧਾਰਾ ਨਾਲ ਸਬੰਧਤ ਹਨ?

ੳ) ਪਰੰਪਰਾਵਾਦੀ /ਪੁਰਾਤਨ ਉਦਾਰਵਾਦ ਅ) ਮਾਰਕਸਵਾਦੀ

ੲ) ਆਧੁਨਿਕ ਉਦਾਰਵਾਦ ਸ) ਨਵ-ਉਦਾਰਵਾਦ

III. ਲੋਕ ਸਭਾ, ਰਾਜ ਸਭਾ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵੱਚ ਵੋਟਿੰਗ ਕਰਾਉਣ ਦੀ ਜ਼ਿੰਮੇਵਾਰੀ ਕਿਸ ਸੰਵਿਧਾਨਕ ਸੰਸਥਾ ਦੀ ਹੈ?

ੳ) ਭਾਰਤ ਦਾ ਘੱਟ-ਗਿਣਤੀ ਕਮਿਸ਼ਨ ਅ) ਪ੍ਰਧਾਨ ਮੰਤਰੀ

ੲ) ਭਾਰਤ ਦਾ ਚੋਣ ਕਮਿਸ਼ਨ ਸ) ਪੰਜਾਬ ਦਾ ਸੂਬਾਈ ਚੋਣ ਕਮਿਸ਼ਨ

IV. "ਪ੍ਰਸ਼ਾਸਨਿਕ ਅਧਿਕਾਰੀ ਰਾਜਨੀਤੀ ਤੋਂ ਦੂਰੀ ਬਣਾਕੇ ਰੱਖਦੇ ਹਨ।" ਨੌਕਰਸ਼ਾਹਾਂ ਦੀ ਰਾਜਨੀਤੀ ਤੋਂ ਬਣਾਈ ਇਸ ਦੂਰੀ ਨੂੰ ਕੀ ਕਹਿੰਦੇ ਹਨ?

ੳ) ਅਨਾਮਿਕਤਾ ਅ) ਨਿਰਪੱਖਤਾ

ੲ) ਤਰਤੀਬਵਾਰ ਸੰਗਠਨ ਸ) ਨਿਯੁਕਤੀ ਦਾ ਅਧਾਰ ਯੋਗਤਾ

V. ਲੋਕਾਂ ਦੁਆਰਾ ਬਣਾਇਆ ਗਿਆ ਸਮੂਹ ਜੋ ਸੰਗਠਤ ਹੋ ਕੇ ਸੱਤ੍ਹਾ ਲਈ ਸੰਘਰਸ਼ ਕਰਦਾ ਹੈ, ਉਸ ਸਮੂਹ ਨੂੰ ਕੀ ਕਿਹਾ ਜਾਂਦਾ ਹੈ ?

ੳ) ਦਬਾਅ ਸਮੂਹ ਅ) ਕਲੱਬ

ੲ) ਸੰਸਦ ਸ) ਰਾਜਨੀਤਕ ਪਾਰਟੀਆਂ

VI. ਰਾਸ਼ਟਰੀ ਲੋਕਤੰਤਰੀ ਗਠਜੋੜ (N.D.A- NATIONAL DEMOCRATIC ALLIANCE) ਦੀ ਅਗਵਾਈ ਕਿਹੜਾ ਰਾਜਨੀਤਕ ਦਲ / ਪਾਰਟੀ ਕਰ ਰਿਹਾ ਹੈ ?

ੳ) ਭਾਰਤੀ ਜਨਤਾ ਪਾਰਟੀ ਅ) ਭਾਰਤੀ ਰਾਸ਼ਟਰੀ ਕਾਂਗਰਸ

ੲ) ਬਹੁਜਨ ਸਮਾਜ ਪਾਰਟੀ ਸ) ਆਮ-ਆਦਮੀ ਪਾਰਟੀ

VII. ਕੋਈ ਧਾਰਮਿਕ ਸਮੂਹ ਜਦੋਂ ਆਪਣੇ ਧਰਮ/ਫਿਰਕੇ ਦੀ ਭਲਾਈ ਦੇ ਕਾਰਜ ਤੋਂ ਅੱਗੇ ਲੰਘਕੇ ਨਫ਼ਰਤ ਅਤੇ ਦੇਸ਼ ਦੀ ਬਹੁ-ਧਾਰਮਿਕ ਅਤੇ ਅਨੇਕਤਾ ਵਿੱਚ ਏਕਤਾ ਦੇ ਸਿਧਾਂਤ ਨੂੰ ਕੱਟੜਤਾ ਰਾਹੀ ਖ਼ਤਮ ਕਰਨ ਦਾ ਯਤਨ ਕਰਦਾ ਹਾਂ ਉਸ ਪ੍ਰਵਿਰਤੀ/ਕਿਰਿਆ ਨੂੰ ਕੀ ਕਿਹਾ ਜਾਂਦਾ ਹੈ ?

ੳ) ਖੇਤਰਵਾਦ ਅ) ਭਾਸ਼ਾਵਾਦ

ੲ) ਸੰਪਰਦਾਇਕਤਾ ਸ) ਜਾਤੀਵਾਦ

VIII. ਪੰਜਾਬ ਵਿੱਚ ਪੰਚਾਇਤੀ ਰਾਜ ਕਦੋਂ ਲਾਗੂ ਕੀਤਾ ਗਿਆ **?**

ੳ) ਸੰਨ 1950 ਅ) ਸੰਨ 1994

ੲ) ਸੰਨ 1966 ਸ) ਸੰਨ 1988

IX. ਅਜਿਹਾ ਖੇਤਰ/ਇਲਾਕਾ ਜੋ ਪੇਂਡੂ-ਖੇਤਰ ਤੋਂ ਸ਼ਹਿਰੀ ਖੇਤਰ ਵਿਚ ਤਬਦੀਲ ਹੋ ਰਿਹਾ /ਬਦਲ ਰਿਹਾ ਹੋਵੇ। ਉਸ ਖੇਤਰ ਦੀ ਸ਼ਹਿਰੀ ਸਵੈ-ਸ਼ਾਸਨ ਦੀ ਸੰਸਥਾ ਦਾ ਕੀ ਨਾਂ ਹੁੰਦਾ ਹੈ **?**

ੳ) ਨਗਰ ਪੰਚਾਇਤ ਅ) ਨਗਰ-ਨਿਗਮ

ੲ) ਬਲਾਕ ਸੰਮਤੀ ਸ) ਜ਼ਿਲ੍ਹਾ ਪਰਿਸ਼ਦ

X. ਭਾਰਤ ਵਿੱਚ ਕਿਹੜੀ ਦਲ ਪ੍ਰਨਾਲ਼ੀ ਕਾਰਜ ਕਰ ਰਹੀ ਹੈ?

ੳ) ਇੱਕ ਦਲ ਪ੍ਰਨਾਲੀ ਅ) ਬਹੁ-ਦਲ ਪ੍ਰਨਾਲੀ

ੲ) ਦੋ ਦਲ ਪ੍ਰਨਾਲੀ ਸ) ਤਾਨਾਸ਼ਾਹੀ ਪ੍ਰਨਾਲੀ

XI. ਭਾਰਤ ਵਿਚ ਰਾਸ਼ਟਰੀ ਏਕੀਕਰਨ ਦੀ ਲਈ ਕਿਹੜੀ ਵਿਧੀ ਅਪਣਾਈ ਗਈ ਹੈ?

ੳ) "ਏਕਤਾ ਵਿੱਚ ਅਨੇਕਤਾ" ਅ) ਬਹੁ-ਗਿਣਤੀ ਪ੍ਰਭੁਤਵ

ੲ) " ਅਨੇਕਤਾ ਵਿੱਚ ਏਕਤਾ" ਸ) ਘੱਟ ਗਿਣਤੀਆਂ ਨੂੰ ਕੌਮੀ ਬਰਾਬਰੀ

XII. ਕੋਈ ਦੋ ਰਾਸ਼ਟਰੀ ਰਾਜਨੀਤਕ ਦਲਾਂ/ਪਾਰਟੀਆਂ ਦੇ ਨਾਂ ਲਿਖੋ।

XIII. ਸੰਨ 2024 ਵਿੱਚ ਲੋਕ ਸਭਾ ਦੀਆਂ ਚੋਣਾਂ ਕਿੰਨਵੀਂ ਵਾਰ ਹੋਈਆਂ ਸਨ ?

XIV. ਸੀਤ ਯੁੱਧ ਸਮੇਂ ਭਾਰਤ ਨੇ ਸੰਯੁਕਤ ਰਾਜ ਅਮਰੀਕਾ ਅਤੇ ਸੋਵੀਅਤ ਸੰਘ ਨਾਮੀ ਗੁੱਟਾਂ/ਸਮੂਹਾਂ ਤੋਂ ਦੂਰੀ ਬਣਾਈ। ਭਾਰਤ ਦੀ ਉਸ ਨੀਤੀ ਨੂੰ ਕੀ ਨਾਮ ਨਾਲ ਜਾਣਿਆ ਜਾਂਦਾ ਹੈ ?

XV. ਸਾਰਕ (**SAARC)** ਭੂਗੋਲਿਕ ਤੌਰ 'ਤੇ ਕਿਹੜੇ ਮਹਾਂਦੀਪ ਦੇ ਕਿਹੜੇ ਹਿੱਸੇ ਦਾ ਖੇਤਰੀ ਸੰਗਠਨ ਹੈ।

XVI. "ਮੈਕਮੋਹਨ ਲਾਈਨ" ਕਿਹੜੇ ਦੋ ਦੇਸ਼ਾਂ ਦਰਮਿਆਨ ਸਰਹੱਦ ਬਣਾਉਂਦੀ ਹੈ ?

XVII. ਸੰਨ 2008 ਵਿੱਚ ਭਾਰਤ ਨੇ "ਪ੍ਰਮਾਣੂ ਸਮਝੌਤਾ 123" ਕਿਹੜੇ ਮੁਲਕ ਨਾਲ ਕੀਤਾ ਸੀ ?

XVIII. ਮਨੁੱਖੀ ਅਧਿਕਾਰਾਂ ਨਾਲ ਸੰਬੰਧਤ ਕਿਸੇ ਗੈਰ-ਸਰਕਾਰੀ ਸੰਸਥਾ ਦਾ ਨਾਂ ਲਿਖੋ।

XIX. ਹਥਿਆਰਾਂ ਤੋਂ ਰਹਿਤ ਜਾਂ ਹਥਿਆਰਾਂ ਨੂੰ ਖਤਮ ਕਰਨਾ ਅਤੇ ਨਵੇਂ ਹਥਿਆਰਾਂ ਦੇ ਉਤਪਾਦਨ 'ਤੇ ਰੋਕ ਲਾਉਣ ਨੂੰ ਅੰਗਰੇਜ਼ੀ ਵਿੱਚ ਕੀ ਕਿਹਾ ਜਾਂਦਾ ਹੈ ?

XX. ਆਜ਼ਾਦੀ ਤੋਂ ਬਾਅਦ ਪਾਕਿਸਤਾਨ ਭਾਰਤ ਦੇ ਪੂਰਬ ਅਤੇ ਪੱਛਮ ਵੱਲ ਦੋ ਭਾਗਾਂ ਵਿੱਚ ਵੰਡਿਆ ਗਿਆ। ਸੰਨ 1971 ਵਿੱਚ ਭਾਰਤ ਦੇ ਪੂਰਬ ਵਿਚ ਕਿਹੜਾ ਨਵਾਂ ਮੁਲਕ ਬਣਿਆ ਸੀ ?

**ਭਾਗ-ਅ**

ਪ੍ਰਸ਼ਨ-2 ਉੱਪ-ਭਾਗਾਂ ਵਿੱਚੋਂ ਕੋਈ 6 ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 60 ਤੋ 75 ਸ਼ਬਦਾਂ ਵਿੱਚ ਲਿਖਣਾ ਉਚਿਤ ਹੋਵੇਗਾ । **4X6=24**

I ਲੋਕਤੰਤਰ ਵਿਚ ਲੋਕਮਤ ਨੂੰ ਕਿਵੇਂ ਪ੍ਰਗਟ (ਪੇਸ਼ ਜਾਂ ਵਿਅਕਤ) ਕੀਤਾ ਜਾਂਦਾ ਹੈ ?

II. ਰਾਜ ਅਤੇ ਰਾਜਨੀਤਕ ਪ੍ਰਨਾਲ਼ੀ ਵਿੱਚ ਅਸੀਂ ਅੰਤਰ ਕਿਵੇਂ ਦਰਸਾ ਸਕਦੇ ਹਾਂ ?

III. ਸਮਕਾਲੀ ਉਦਾਰਵਾਦ ਤੋਂ ਕੀ ਭਾਵ ਹੈ। ਇਸਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਲਿਖੋ।

IV. ਵਾਧੂ ਮੁੱਲ ਦੇ ਸਿਧਾਂਤ ਦਾ ਅਰਥ ਉਦਾਹਰਣ ਸਹਿਤ ਸਮਝਾਓ।

V. ਮਹਾਤਮਾ ਗਾਂਧੀ ਅਨੁਸਾਰ ਉਦੇਸ਼ ਅਤੇ ਸਾਧਨਾਂ ਦਰਮਿਆਨ ਕਿਹੋ ਜਿਹਾ ਸਬੰਧ ਹੈ ?

VI. ਰਾਜਨੀਤਕ ਕਾਰਜਪਾਲਿਕਾ ਅਤੇ ਸਥਾਈ ਕਾਰਜਪਾਲਿਕਾ ਤੋ ਅਸੀਂ ਕੀ ਸਮਝਦੇ ਹਾਂ ?

VII. ਭਾਰਤ ਵਿੱਚ ਵਿਰੋਧੀ ਧਿਰ ਦੀ ਭੂਮਿਕਾ ਦਾ ਵਰਨਣ ਕਰੋ।

VIII. ਦਬਾਅ ਸਮੂਹਾਂ ਅਤੇ ਰਾਜਨੀਤਕ ਦਲਾਂ ਵਿਚ ਸਮਾਨਤਾਵਾਂ ਅਤੇ ਅਸਮਾਨਤਾਵਾਂ ਸਮਝਾਓ।

IX. ਭਾਰਤ ਵਿਚ ਲੋਕਤੰਤਰ ਨੂੰ ਪੇਸ਼ ਵੰਗਾਰਾਂ ਦਾ ਵਰਣਨ ਕਰੋ।

**ਭਾਗ-ੲ**

**ਨੋਟ: ਹੇਠ ਲਿਖਿਆਂ ਵਿੱਚੋਂ ਇੱਕ-ਇੱਕ ਪ੍ਰਸ਼ਨ ਦਾ ਉੱਤਰ ਲਿਖੋ।** **3x8=24**

ਪ੍ਰਸ਼ਨ:3. ਸੰਸਦੀ-ਸ਼ਾਸਨ ਪ੍ਰਨਾਲ਼ੀ ਤੋਂ ਕੀ ਭਾਵ ਹੈ? ਭਾਰਤ ਵਿਚਲੀ ਸੰਸਦੀ-ਸ਼ਾਸਨ ਪ੍ਰਨਾਲ਼ੀ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ। **(3+5=8)**

**ਜਾਂ**

ਸੱਤਿਆਗ੍ਰਹਿ ਤੋਂ ਕੀ ਭਾਵ ਹੈ? ਇਸਦੀਆਂ ਵਿਧੀਆਂ/ਢੰਗਾਂ ਦਾ ਵਰਨਣ ਕਰੋ। **(3+5=8)**

ਪ੍ਰਸ਼ਨ:4. ਪਿੰਡ ਦੀ ਪੰਚਾਇਤ ਕਿਵੇ ਚੁਣੀ ਜਾਂਦੀ ਹੈ? ਪਿੰਡ ਦੀ ਪੰਚਾਇਤ ਦੁਆਰਾ ਕੀਤੇ ਜਾਂਦੇ ਵੱਖ-ਵੱਖ ਕਾਰਜਾਂ ਦਾ ਵਰਨਣ ਕਰੋ। **(3+5=8)**

**ਜਾਂ**

ਭਾਰਤ ਅਤੇ ਪਾਕਿਸਤਾਨ ਦੇ ਆਪਸੀ ਸੰਬੰਧਾਂ ਦਾ ਵਰਨਣ ਕਰੋ।

ਪ੍ਰਸ਼ਨ:5. ਵਿਦੇਸ਼ ਨੀਤੀ ਤੋਂ ਕੀ ਭਾਵ ਹੈ? ਭਾਰਤ ਦੀ ਵਿਦੇਸ਼ ਨੀਤੀ ਦੇ ਪ੍ਰਮੁੱਖ ਸਿਧਾਂਤਾਂ ਦਾ ਵਰਨਣ ਕਰੋ। **(3+5=8)**

**ਜਾਂ**

ਨੌਕਰਸ਼ਾਹੀ ਦਾ ਅਰਥ ਅਤੇ ਇਸ ਦੀਆਂ ਵਿਸ਼ੇਸ਼ਤਾਵਾਂ ਦਾ ਵਰਨਣ ਕਰੋ। **(3+5=8)**

**ਭਾਗ-ਸ**

**ਪ੍ਰਸ਼ਨ-6 ਹੇਠ ਲਿਖਿਆ ਪੈਰ੍ਹਾ ਪੜ੍ਹ ਕੇ ਅੱਗੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:-** **2X6=12**

ਭਾਰਤ ਵਿੱਚ ਲੋਕਤੰਤਰ ਦੇ ਸੰਚਾਲਨ ਲਈ ਸੰਵਿਧਾਨ ਵੱਖ-ਵੱਖ ਸੰਸਥਾਵਾਂ ਦਾ ਢਾਂਚਾ ਤਿਆਰ ਕਰਦਾ ਹੈ। ਸੰਵਿਧਾਨ ਹੀ ਰਾਜ ਦੀ ਸੱਤ੍ਹਾ ਅਤੇ ਕਾਰਜ, ਸਰਕਾਰ ਅਤੇ ਇਸਦੇ ਕਾਰਜ ਉੱਪਰ ਲੋਕਾਂ ਦੇ ਅਧਿਕਾਰਾਂ ਰਾਹੀਂ ਰੋਕਾਂ ਵੀ ਲਗਾਉਂਦਾ ਹੈ। ਜਾਤ, ਖੇਤਰ, ਭਾਸ਼ਾ ਧਰਮ ਅਤੇ ਹੋਰ ਅਜਿਰੀਆਂ ਪਛਾਣਾਂ ਵਾਲੇ ਲੋਕਾਂ ਅੰਦਰ ਨਵੇਂ ਕਿਸਮ ਦੀ ਨਾਗਰਿਕ-ਪਛਾਣ ਦੀ ਸਿਰਜਣਾ ਕਰਨਾ ਸੰਵਿਧਾਨ ਲਈ ਅਹਿਮ ਰਿਹਾ ਹੈ। ਰਾਜ ਦੀਆਂ ਨਜ਼ਰਾਂ ਵਿੱਚ ਅਸੀਂ ਕਾਨੂੰਨੀ ਸ਼ਖਸੀਅਤਾਂ (Legel Personalities) ਹਾਂ । ਸਾਡੀਆਂ ਜਾਤ, ਧਰਮ, ਭਾਸ਼ਾ, ਖੇਤਰ ਅਤੇ ਹੋਰ ਪਛਾਣਾਂ ਨੂੰ ਓਹਲੇ ਕਰਕੇ ਅਧਿਕਾਰ ਅਤੇ ਕਰਤੱਵ ਕੇਂਦਰ-ਬਿੰਦੂ ਹਨ। ਸੰਵਿਧਾਨ ਅਜਿਹਾ ਕਰਦਿਆਂ ਵੀ ਅਨੇਕਤਾ ਵਿੱਚ ਏਕਤਾ ਦੇ ਸਿਧਾਂਤ ਨੂੰ ਅੱਖੋਂ ਪਰੋਖੇ ਨਹੀਂ ਕਰਦਾ। ਸੰਵਿਧਾਨ ਵੱਖ-ਵੱਖ ਸੱਭਿਆਚਾਰਕ, ਧਾਰਮਿਕ ਅਤੇ ਭਾਸ਼ਾਈ ਸਮੂਹਾਂ ਦੀ ਰਖਵਾਲੀ ਕਰਦਾ ਹੈ। ਸੰਵਿਧਾਨ ਰਾਜ ਅਤੇ ਸਮਾਜ ਦੋਵਾਂ ਤੋਂ ਹੀ ਘੱਟ-ਗਿਣਤੀ ਕੌਮਾਂ ਵੀ ਬਰਾਬਰ ਦੇਖ-ਰੇਖ ਕਰਦਾ ਹੈ। ਅਸਾਡਾ ਸੰਵਿਧਾਨ ਰਾਸ਼ਟਰ ਨਿਰਮਾਣ ਅਤੇ ਸਮਾਜਿਕ ਤਬਦੀਲੀ ਦਾ ਕਾਰਜ ਨਾਲ-ਨਾਲ ਕਰਦਾ ਹੈ। ਸੰਵਿਧਾਨ ਨਿਰਮਾਤਾਵਾਂ ਦਾ ਸੁਪਨਾ ਸੀ ਕਿ ਭਾਰਤ ਦਾ ਸੰਵਿਧਾਨ ਇਸ ਦੀਆਂ ਰਾਜਨੀਤਕ ਲੋੜਾਂ ਦੇ

ਨਾਲ-ਨਾਲ ਸਮਾਜਿਕ ਲੋੜਾਂ ਦੀ ਵੀ ਪੂਰਤੀ ਕਰੇ। ਅਸਾਡੇ ਮੁਲਕ ਵਿਚ ਲੋਕਤੰਤਰ ਨੂੰ ਚਲਾਉਣ ਲਈ ਸਿਧਾਂਤਾ ਨੂੰ ਘੜਿਆ ਗਿਆ ਜਿਸ ਵਿਚ ਸਰਕਾਰਾਂ ਦੇ ਢਾਂਚਾ ਨੂੰ ਸੰਘਾਤਮਕ ਰੱਖਿਆ ਗਿਆ । ਉਦਾਰਵਾਦੀ ਅਧਿਕਾਰਾਂ ਜਿਵੇਂ ਮੌਲਿਕ ਅਧਿਕਾਰ ਜ਼ਿੰਮੇਵਾਰ ਸਰਕਾਰ ਅਤੇ ਜਵਾਬਦੇਹ ਸਰਕਾਰ ਜੋ ਲੋਕਾਂ ਦੁਆਰਾ ਚੁਣੀ ਜਾਏਗੀ ਆਦਿ ਵਿਸ਼ੇਸ਼ਤਾਵਾਂ ਨੂੰ ਸੰਵਿਧਾਨ ਵਿਚ ਸ਼ਾਮਲ ਕੀਤਾ ਗਿਆ । ਉਦਾਰਵਾਦੀ ਕਦਰਾਂ ਕੀਮਤਾਂ ਦੇ ਨਾਲ-ਨਾਲ ਗਾਂਧੀਵਾਦੀ ਅਤੇ ਸਮਾਜਵਾਦੀ ਵਿਸ਼ੇਸ਼ਤਾਵਾਂ ਨੂੰ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਸ਼ਾਮਲ ਕੀਤਾ ਗਿਆ । ਸੰਵਿਧਾਨ ਲਾਗੂ ਹੋਣ ਤੋਂ ਬਾਅਦ ਵੀ ਸਮੇਂ-ਸਮੇਂ ਤੇ ਸੰਵਿਧਾਨਕ ਸੋਧਾਂ ਰਾਹੀ ਇਸ ਨੂੰ ਲੋਕਾਂ ਦੀਆਂ ਲੋੜਾਂ ਅਤੇ ਮੰਗਾਂ ਦਾ ਹਾਣੀ ਬਣਾਇਆ ਗਿਆ। ਕਈ ਵਾਰ ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਸੰਵਿਧਾਨ ਦੀਆਂ ਆਸਾਂ ਉਮੀਦਾਂ ’ਤੇ ਖਰੇ ਉਤਰੇ ਹਾਂ? ਇਸ ਦੇ ਹੱਲ ਸਾਨੂੰ ਲੋਕਾਂ ਦੁਆਰਾ ਸਰਕਾਰ ਤੋਂ ਕੀਤੀਆਂ ਜਾਂਦੀਆਂ ਮੰਗਾਂ ਅਤੇ ਇਹਨਾਂ ਮੰਗਾਂ ਪ੍ਰਤੀ ਸਰਕਾਰ ਦੇ ਰਵੱਈਏ ਵਿਚਲੀ ਖਿੱਚੋਤਾਣ ਤੋਂ ਲੱਗਦੀ ਹੈ। ਸਰਕਾਰ ਨੇ ਲੋਕਾਂ/ਨਾਗਰਿਕਾਂ ਦੇ ਸਹਿਯੋਗ ਨਾਲ ਚੱਲਣਾ ਹੁੰਦਾ ਹੈ ਪਰੰਤੂ ਲੋਕ ਕਦੇ ਵੀ ਇੱਕ-ਰੂਪ ਨਹੀਂ ਹੁੰਦੇ। ਗਰੀਬ-ਅਮੀਰ, ਮਰਦ-ਔਰਤ, ਜਵਾਨ-ਬਿਰਧ ਆਦਿ ਵਿਲੱਖਣ ਅਤੇ ਬਹੁਤੀ ਵਾਰ ਆਪਸ ਵਿਰੋਧੀ ਸਮੂਹ ਹੁੰਦੇ ਹਨ। ਭਾਰਤ ਵਿੱਚ ਵੱਖ-ਵੱਖ ਜਾਤ ਸਮੂਹ, ਵਰਗਾਂ ਦੀ ਰਾਜਨੀਤੀ ਸੰਵਿਧਾਨ ਵਿਚਲੀਆਂ ਸੋਧਾਂ ਲਈ ਜ਼ਿੰਮੇਵਾਰ ਬਣਦੀ ਹੈ। ਸੋ ਸੰਵਿਧਾਨ,ਸਰਕਾਰ ਆਦੀ ਰਾਜਨੀਤਕ ਸੰਸਥਾਵਾਂ ਦੇ ਨਾਲ-ਨਾਲ ਲੋਕਾਂ ਦੇ ਖੇਤਰੀ, ਧਾਰਮਿਕ, ਭਾਸ਼ਾਈ ਆਦੀ ਸਮੂਹ ਭਾਰਤ ਵਿਚ ਵਿਲੱਖਣ ਰਾਜਨੀਤਕ ਪ੍ਰਕਿਰਿਆ ਨੂੰ ਜਨਮ ਦਿੰਦੇ ਹਨ। ਇਸ ਆਪਸੀ ਲੈਣ-ਦੇਣ ਅਤੇ ਖਿਚੋਤਾਣ ਵਿਚੋਂ ਹੀ ਭਾਰਤ ਦੀ ਰਾਜਨੀਤੀ ਵੱਖ-ਵੱਖ ਰਾਜਨੀਤਕ ਪਾਰਟੀਆਂ ਨੂੰ ਸੱਤ੍ਹਾ ਦਾ ਸੁੱਖ ਬਖ਼ਸ਼ਦੀ ਹੈ। ਸੱਤਾ ਫਿਰ ਆਪਣੇ ਸਿਧਾਂਤਾਂ ਨਾਲ ਲੋਕਾਂ ਦੀ ਮੰਗਾਂ ਨਾਲ ਦੋ-ਚਾਰ ਹੁੰਦੀ ਹਾ। ਇਹ ਵਰਤਾਰਾ ਲਗਾਤਾਰ ਚਲਦਾ ਆ ਰਿਹਾ ਹੈ।

1. ਰਾਜ ਨਾਗਰਿਕਾਂ ਨੂੰ ਕਿਹੜੀ ਪਛਾਣ ਬਖ਼ਸ਼ਦਾ ਹੈ?
2. ਕੀ ਭਾਰਤ ਇੱਕ ਧਰਮ ਨੂੰ ਮੰਨਣ ਵਾਲਾ ਦੇਸ਼ ਹੈ?
3. ਮਸੌਦਾ ਕਮੇਟੀ ਦੇ ਕਿੰਨੇ ਮੈਂਬਰ ਸਨ ਅਤੇ ਚੇਅਰਮੈਨ ਕੌਣ ਸਨ?
4. ਕੀ ਸਰਕਾਰ ਅਤੇ ਦੇਸ਼ ਦੋਹੇਂ ਇੱਕ ਹੀ ਹੁੰਦੇ ਹਨ ?
5. ਰਾਜਨੀਤਕ ਪ੍ਰਕਿਰਿਆ ਕੀ ਹੁੰਦੀ ਹੈ?
6. ਸਮਾਜਵਾਦੀ, ਗਾਂਧੀਵਾਦੀ ਵਿਸ਼ੇਸ਼ਤਾਵਾਂ ਸੰਵਿਧਾਨ ਦੇ ਕਿਹੜੇ ਹਿੱਸੇ ਵਿੱਚ ਸ਼ਾਮਲ ਕੀਤੀਆਂ ਗਈਆਂ ਸਨ?